# ਸਾਹਿਤ ਅਕਾਦਮੀ ਨੇ ਪੰਜਾਬੀ ਸਾਹਿਤਕਾਰ ਤੇਜਵੰਤ ਸਿੰਘ ਗਿੱਲ ਨੂੰ ਫੈਲੋਸ਼ਿਪ ਪ੍ਰਦਾਨ ਕਰ ਕੇ ਨਿਵਾਜਿਆ

ਚੰਡੀਗੜ੍ਹ, 27 ਅਪ੍ਰੈਲ (ਅਜਾਇਬ ਸਿੰਘ ਔਜਲਾ)- ਸਾਹਿਤ ਅਕਾਦਮੀ ਦਿੱਲੀ ਵਲੋਂ ਅੱਜ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਦੇਰ ਸ਼ਾਮ ਉੱਘੇ ਸਾਹਿਤਕਾਰ ਤੇਜਵੰਤ ਸਿੰਘ ਗਿੱਲ ਨੂੰ ਫੈਲੋਸ਼ਿਪ ਪ੍ਰਦਾਨ ਕਰਕੇ ਨਿਵਾਜਿਆ ਗਿਆ। ਇਹ ਸਮਾਰੋਹ ਦੀ ਇਹ ਵਿਸ਼ੇਸ਼ਤਾ ਹੋ ਨਿੱਬੜੀ ਕਿ ਇਸ ਮੌਕੇ 'ਤੇ ਨਾਮੀ ਸਾਹਿਤਕਾਰ, ਲੇਖਕਾਂ, ਕਵੀਆਂ ਤੇ ਫ਼ਨਕਾਰਾਂ ਨੇ ਵੀ ਸ਼ਮੂਲੀਅਤ ਕੀਤੀ। ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਡਾ. ਐਮ.ਐਸ. ਰੰਧਾਵਾ ਆਡੀਟੋਰੀਅਮ ਵਿਖੇ ਕਰਵਾਏ ਇਸ ਸਮਾਰੋਹ ਦੌਰਾਨ ਸਾਹਿਤ ਅਕਾਦਮੀ ਦੇ ਸਕੱਤਰ ਕੇ. ਸ੍ਰੀਨਿਵਾਸ ਰਾਓ ਤੇ ਅਕਾਦਮੀ ਦੀ ਮੀਤ ਪ੍ਰਧਾਨ ਮਾਧਵ ਕੌਸ਼ਿਕ ਤੋਂ ਇਲਾਵਾ ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਡਾ. ਸੁਰਜੀਤ ਪਾਤਰ, ਡਾ. ਲਖਵਿੰਦਰ ਸਿੰਘ ਜੌਹਲ, ਡਾ. ਵਨੀਤਾ ਤੇ ਪ੍ਰੋ. ਇੰਦੂ ਬਾਂਗਾ ਆਦਿ ਵਲੋਂ ਤੇਜਵੰਤ ਸਿੰਘ ਗਿੱਲ ਨੂੰ ਫੈਲੋਸ਼ਿਪ ਪ੍ਰਦਾਨ ਕਰਨ ਦੀਆਂ ਰਸਮਾਂ ਅਦਾ ਕੀਤੀਆਂ ਗਈਆਂ। ਇਹ ਫੈਲੋਸ਼ਿਪ ਪ੍ਰਾਪਤ ਕਰਨ ਵਾਲੇ ਤੇਜਵੰਤ ਸਿੰਘ ਗਿੱਲ 6ਵੇਂ ਪੰਜਾਬੀ ਲੇਖਕ ਬਣੇ ਹਨ। ਇਸ ਅਵਸਰ 'ਤੇ ਡਾ. ਮਨਮੋਹਨ, ਸਵਰਾਜ ਬੀਰ, ਗੁਲਜ਼ਾਰ ਸਿੰਘ ਸੰਧੂ, ਡਾ. ਹਰੀਸ਼ ਪੁਰੀ, ਗੁਰਦੇਵ ਸਿੰਘ ਬਰਾੜ ਆਈ.ਏ.ਐਸ (ਰਿਟਾ:), ਸ੍ਰੀ ਸਿਰੀ ਰਾਮ ਅਰਸ਼, ਡਾ. ਨਿਰਮਲ ਜੌੜਾ, ਰਛਪਾਲ ਕੌਰ ਗਿੱਲ (ਕੈਨੇਡਾ), ਰਾਜਪਾਲ ਕੌਰ (ਕੈਨੇਡਾ) ਨੇ ਵੀ ਸ਼ਿਰਕਤ ਕੀਤੀ। ਇਸੇ ਦੌਰਾਨ ਤੇਜਵੰਤ ਸਿੰਘ ਗਿੱਲ ਨੇ ਕਿਹਾ ਕਿ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਰਗੇ ਮਹਾਨ ਲੇਖਕਾਂ ਨੂੰ ਜਿੱਥੇ ਇਹ ਫੈਲੋਸ਼ਿਪ ਮਿਲੀ ਉੱਥੇ ਹੁਣ ਉਨ੍ਹਾਂ ਦੀ ਇਸ ਮਾਣ ਸਨਮਾਨ ਨਾਲ ਪੰਜਾਬੀ ਮਾਂ ਬੋਲੀ ਪ੍ਰਤੀ ਹੋਰ ਜ਼ੁੰਮੇਵਾਰੀ ਵੱਧ ਗਈ ਹੈ। ਸਾਹਿਤ ਅਕਾਦਮੀ ਦੇ ਸਕੱਤਰ ਕੇ.ਰਾਓ. ਨੇ ਕਿਹਾ ਕਿ ਸਾਹਿਤ ਅਕਾਦਮੀ ਤੇਜਵੰਤ ਸਿੰਘ ਗਿੱਲ ਨੂੰ ਫੈਲੋਸ਼ਿਪ ਪ੍ਰਦਾਨ ਕਰ ਕੇ ਬੇਹੱਦ ਖ਼ੁਸ਼ ਹੈ ਉੱਥੇ ਉਨ੍ਹਾਂ ਕਿਹਾ ਕਿ ਇਹ ਹੋਰ ਵੀ ਚੰਗਾ ਲੱਗਾ ਹੈ ਕਿ ਮਾਣ ਸਨਮਾਨ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੀ ਰਹਿਨੁਮਾਈ ਹੇਠ ਹੋ ਰਿਹਾ ਹੈ। ਡਾ. ਮਾਧਵ ਕੌਸ਼ਿਕ ਵਲੋਂ ਵੀ ਤੇਜਵੰਤ ਸਿੰਘ ਗਿੱਲ ਦੀਆਂ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਕੀਤੇ ਅਨੁਵਾਦ ਦੀਆਂ ਗੱਲਾਂ ਦੀ ਵੀ ਸਾਂਝ ਪਾਈ ਉੱਥੇ ਉਨ੍ਹਾਂ ਨੇ ਤੇਜਵੰਤ ਗਿੱਲ ਨੂੰ ਪੰਜਾਬੀ, ਅੰਗਰੇਜ਼ੀ ਤੇ ਹੋਰ ਭਾਸ਼ਾਵਾਂ 'ਚ ਇਕ ਪੁਲ ਦੀ ਤਰ੍ਹਾਂ ਵਿਚਰਨ ਵਾਲਾ ਸਾਹਿਤਕਾਰ ਕਿਹਾ। ਡਾ. ਵਨੀਤਾ ਨੇ ਅੱਜ ਤੇਜਵੰਤ ਸਿੰਘ ਗਿੱਲ ਨੂੰ ਇਹ ਮਾਣ ਸਨਮਾਨ ਦੇਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਉੱਥੇ ਉਨ੍ਹਾਂ ਨੇ ਗਿੱਲ ਨੂੰ ਇਕ ਚਿੰਤਕ ਤੇ ਅਨੁਵਾਦਕ ਦੇ ਨਾਲ ਨਾਲ ਸਾਦਗੀ 'ਚ ਵਿਚਰਨ ਵਾਲੀ ਸ਼ਖ਼ਸੀਅਤ ਕਹਿ ਕੇ ਵੀ ਬਿਆਨਿਆ। ਪ੍ਰੋ. ਇੰਦੂ ਬਾਂਗਾ ਨੇ ਇਸੇ ਦੌਰਾਨ ਤੇਜਵੰਤ ਗਿੱਲ ਦੀਆਂ ਕਿਤਾਬਾਂ ਦੇ ਹਵਾਲੇ ਨਾਲ ਗੱਲ ਕੀਤੀ। ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਤੇਜਵੰਤ ਸਿੰਘ ਗਿੱਲ ਵਲੋਂ ਪੰਜਾਬੀ ਸਾਹਿਤ ਦੇ ਨਾਲ ਨਾਲ ਇਕ ਚਿੰਤਕ ਤੇ ਆਲੋਚਕ ਤੌਰ 'ਤੇ ਵੀ ਵੱਡਾ ਯੋਗਦਾਨ ਪਾਇਆ ਹੈ। ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਪੰਜਾਬੀ ਸਾਹਿਤ ਜਗਤ 'ਚ ਅੱਜ ਮਾਣ ਵਾਲਾ ਦਿਨ ਹੈ ਕਿ ਸਾਹਿਤ ਅਕਾਦਮੀ ਦੀ ਇਹ ਫੈਲੋਸ਼ਿਪ ਪ੍ਰਾਪਤ ਕਰਨ ਵਾਲੇ 60 ਸਾਲਾ ਦੇ ਸਾਹਿਤ ਅਕਾਦਮੀ ਦੇ ਇਤਿਹਾਸ 'ਚ ਇਹ ਫੈਲੋਸ਼ਿਪ ਪ੍ਰਾਪਤ ਕਰਨ ਵਾਲੇ 6ਵੇਂ ਪੰਜਾਬੀ ਸਾਹਿਤਕਾਰ ਬਣਨ ਦਾ ਮਾਣ ਤੇਜਵੰਤ ਗਿੱਲ ਦੇ ਹਿੱਸੇ ਆਇਆ ਹੈ। ਇਸ ਸਮਾਰੋਹ 'ਚ ਸਾਹਿਤਕਾਰਾਂ, ਲੇਖਕਾਂ ਤੇ ਕਵੀਆਂ ਆਦਿ ਵਿਚ ਪੰਜਾਬ ਕਲਾ ਪ੍ਰੀਸ਼ਦ ਦੇ ਕੁਆਰਡੀਨੇਟਰ ਨਿੰਦਰ ਘੁਗਿਆਣਵੀ, ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਸਕੱਤਰ ਪ੍ਰੀਤਮ ਰੁਪਾਲ, ਉੱਘੇ ਲੇਖਕ ਦੀਪਕ ਸ਼ਰਮਾ ਚਨਾਰਥਲ, ਸਬਦੀਸ਼, ਸੁਭਾਸ਼ ਭਾਸਕਰ, ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਤੇ ਉੱਘੇ ਰੰਗ ਕਰਮੀ ਬਲਕਾਰ ਸਿੱਧੂ, ਹਮੀਰ ਸਿੰਘ, ਪ੍ਰਵਾਸੀ ਲੇਖਿਕਾ ਅਮਰ ਜੋਤੀ, ਨਰਿੰਦਰ ਨਸਰੀਨ, ਜਗਦੀਪ ਨੂਰਾਨੀ, ਸਿਮਰਜੀਤ ਗਰੇਵਾਲ ਤੋਂ ਇਲਾਵਾ ਬਲਤੇਜ ਸਿੰਘ, ਸੁਖਰਾਜ ਕੌਰ, ਰਣਜੀਤ ਕੌਰ, ਫਨਕਾਰ ਦਰਸ਼ਨ ਪਤਲੀ ਅਤੇ ਬਲਬੀਰ ਗਿੱਲ ਆਦਿ ਨੇ ਵੀ ਸ਼ਮੂਲੀਅਤ ਕੀਤੀ। ਸਮੁੱਚੇ ਸਮਾਰੋਹ ਦੀ ਕਾਰਵਾਈ ਨੂੰ ਡਾ. ਲਖਵਿੰਦਰ ਜੌਹਲ ਵਲੋਂ ਬਾਖ਼ੂਬੀ ਨਿਭਾਇਆ ਗਿਆ।



ਪੰਜਾਬ ਕਲਾ ਭਵਨ ਵਿਖੇ ਸਾਹਿਤ ਅਕਾਦਮੀ ਦਿੱਲੀ ਵਲੋਂ ਕਰਵਾਏ ਗਏ ਸਾਹਿਤਕ ਸਮਾਰੋਹ ਦੌਰਾਨ ਉੱਘੇ ਸਾਹਿਤਕਾਰ ਤੇਜਵੰਤ ਸਿੰਘ ਨੂੰ ਫੈਲੋਸ਼ਿਪ ਪ੍ਰਦਾਨ ਕਰਨ ਸਮੇਂ ਅਕਾਦਮੀ ਦੇ ਕੇ. ਸ੍ਰੀਨਿਵਾਸ ਰਾਓ, ਡਾ. ਮਾਧਵ ਕੌਸ਼ਿਕ, ਡਾ. ਸੁਰਜੀਤ ਪਾਤਰ, ਪ੍ਰੋ. ਇੰਦੂ ਬਾਂਗਾ ਅਤੇ ਡਾ. ਵਨੀਤਾ। ਤਸਵੀਰ : ਕਮਲਜੀਤ ਸਿੰਘ

ਅਜੀਤ ®©
28-Apr-2022
Page: 12
http://epaper.ajitjalandhar.com/edition/20220428/9/12.cms

# ਤੇਜਵੰਤ ਸਿੰਘ ਗਿੱਲ ਨੂੰ ਸਾਹਿਤ ਅਕਾਦਮੀ ਫੈਲੋਸ਼ਿਪ

## ਗਿੱਲ ਨੇ ਕਈ ਪੱਖਾਂ ਤੋਂ ਪੰਜਾਬੀ ਸਾਹਿਤ ਨੂੰ ਮਾਲਾ-ਮਾਲ ਕੀਤਾ: ਪਾਤਰ

**ਹਰਦੇਵ ਚੌਹਾਨ**

**ਚੰਡੀਗੜ੍ਹ, 27 ਅਪਰੈਲ**

ਇੱਥੇ ਸੈਕਟਰ-16 ਸਥਿਤ ਪੰਜਾਬ ਕਲਾ ਭਵਨ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਉੱਘੇ ਲੇਖਕ, ਅਨੁਵਾਦਕ ਤੇ ਆਲੋਚਕ ਡਾ. ਤੇਜਵੰਤ ਸਿੰਘ ਗਿੱਲ ਨੂੰ ਸਾਹਿਤ ਅਕਾਦਮੀ ਫੈਲੋਸ਼ਿਪ ਭੇਟ ਕੀਤੀ ਗਈ। ਸ੍ਰੀ ਗਿੱਲ ਨੂੰ ਇਹ ਫੈਲੋਸ਼ਿਪ ਸਾਹਿਤ ਅਕਾਦਮੀ ਦਿੱਲੀ ਦੇ ਸਕੱਤਰ ਡਾ. ਕੇ ਸ੍ਰੀਨਿਵਾਸ ਰਾਓ, ਡਾ. ਸੁਰਜੀਤ ਪਾਤਰ ਤੇ ਮਾਧਵ ਕੌਸ਼ਿਕ ਨੇ ਸਾਂਝੇ ਤੌਰ 'ਤੇ ਭੇਟ ਕੀਤੀ। ਇਸ ਤੋਂ ਪਹਿਲਾਂ ਡਾ. ਰਾਓ ਨੇ ਕਿਹਾ ਕਿ ਸ੍ਰੀ ਗਿੱਲ ਨੇ ਆਪਣੀ ਪੂਰੀ ਜ਼ਿੰਦਗੀ ਲਿਖਣ-ਪੜ੍ਹਨ ਅਤੇ ਅਨੁਵਾਦ ਦੇ ਲੇਖੇ ਲਗਾਈ ਹੈ।



ਤੇਜਵੰਤ ਸਿੰਘ ਗਿੱਲ ਨੂੰ ਸਾਹਿਤ ਅਕਾਦਮੀ ਫੈਲੋਸ਼ਿਪ ਭੇਟ ਕਰਦੇ ਹੋਏ ਪਤਵੰਤੇ।

ਮਾਧਵ ਕੌਸ਼ਿਕ ਨੇ ਕਿਹਾ ਕਿ ਤੇਜਵੰਤ ਗਿੱਲ ਸਾਰੇ ਆਲੋਚਕਾਂ ਵਿੱਚੋਂ ਨਿਮਰ ਆਲੋਚਕ ਹਨ, ਜਿਨ੍ਹਾਂ ਦੀਆਂ ਲਿਖਤਾਂ ਰਾਹੀਂ ਪਾਤਰ, ਪਾਸ਼ ਤੇ ਸੇਖੋਂ ਨੂੰ ਸਮਝਣਾ ਹੋਰ ਵੀ ਸੌਖਾ ਹੋ ਜਾਂਦਾ ਹੈ। ਉਨ੍ਹਾਂ ਅਫ਼ਸੋਸ ਜ਼ਾਹਿਰ ਕੀਤਾ ਕਿ ਭਾਰਤ ਵਿੱਚ ਅਨੁਵਾਦ ਨੂੰ ਹਾਲੇ ਤੱਕ ਬਣਦਾ ਮਾਣ ਪ੍ਰਾਪਤ ਨਹੀਂ ਹੋਇਆ ਹੈ। ਇਸ ਮੌਕੇ ਡਾ. ਤੇਜਵੰਤ ਸਿੰਘ ਗਿੱਲ ਨੇ ਦੱਸਿਆ ਕਿ ਗੁਰਬਖਸ਼ ਸਿੰਘ ਪ੍ਰੀਤਲੜੀ, ਡਾ. ਹਰਿਭਜਨ ਸਿੰਘ, ਅੰਮ੍ਰਿਤਾ ਪ੍ਰੀਤਮ, ਕਰਤਾਰ ਸਿੰਘ ਦੁੱਗਲ ਤੇ ਗੁਰਦਿਆਲ ਸਿੰਘ ਤੋਂ ਬਾਅਦ ਉਨ੍ਹਾਂ ਨੂੰ ਇਹ ਫੈਲੋਸ਼ਿਪ ਮਿਲੀ ਹੈ, ਜੋ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਦੱਸਿਆ ਕਿ ਮੋਹਨ ਸਿੰਘ ਤੇ ਸੇਖੋਂ ਨੇ ਉਨ੍ਹਾਂ ਨੂੰ ਅਨੁਵਾਦ ਕਾਰਜ ਲਈ ਹੌਸਲਾ ਦਿੱਤਾ, ਜਿਸ ਸਦਕਾ ਅੱਜ ਉਹ ਇਸ ਮੁਕਾਮ 'ਤੇ ਪੁੱਜੇ ਹਨ।

ਸ੍ਰੀ ਗਿੱਲ ਬਾਰੇ ਸੰਵਾਦ ਰਚਾਉਂਦਿਆਂ ਸਾਹਿਤ ਅਕਾਦਮੀ ਦੇ ਪੰਜਾਬੀ ਸਲਾਹਕਾਰ ਬੋਰਡ ਦੀ ਕਨਵੀਨਰ ਡਾ. ਵਨੀਤਾ ਨੇ ਕਿਹਾ ਕੇ ਦਿੱਲੀ ਤੇਜਵੰਤ ਗਿੱਲ ਨੂੰ ਸਨਮਾਨਿਤ ਕਰਨ ਲਈ ਅੱਜ ਪੰਜਾਬ ਆਈ ਹੈ। ਡਾ. ਵਨੀਤਾ ਨੇ ਕਿਹਾ ਕਿ ਗਿੱਲ ਸਾਹਿਬ ਨੇ ਕਵਿਤਾ ਤੋਂ ਸ਼ੁਰੂਆਤ ਕਰ ਕੇ ਸੰਪਾਦਕੀ, ਇਤਿਹਾਸਕਾਰੀ ਅਤੇ ਅਨੁਵਾਦ ਵਿੱਚ ਚੋਖਾ ਕਾਰਜ ਕੀਤਾ ਹੈ। ਇਸ ਮੌਕੇ ਇੰਦੂ ਬਾਂਗਾਂ ਨੇ ਵੀ ਤੇਜਵੰਤ ਸਿੰਘ ਦੇ ਕਾਰਜ 'ਤੇ ਚਾਨਣਾ ਪਾਇਆ। ਡਾ. ਸੁਰਜੀਤ ਪਾਤਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਚਿੰਤਕਾਂ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਇਹ ਸਾਡੇ ਪਹਿਲੇ ਅਨੁਵਾਦਕ ਹਨ, ਜਿਨ੍ਹਾਂ ਨੂੰ ਐਨਾ ਵੱਡਾ ਸਨਮਾਨ ਮਿਲਿਆ ਹੈ। ਸ੍ਰੀ ਗਿੱਲ ਨੇ ਪੱਛਮੀ ਸਾਹਿਤ ਦਾ ਅਨੁਵਾਦ ਕਰ ਕੇ ਪੰਜਾਬੀ ਸਾਹਿਤ ਨੂੰ ਮਾਲਾਮਾਲ ਕੀਤਾ ਹੈ। ਇਸ ਮੌਕੇ ਹਾਜ਼ਰੀਨਾਂ ਵਿੱਚ ਡਾ. ਸਵਰਾਜਬੀਰ, ਡਾ. ਮਨਮੋਹਨ, ਬਲਕਾਰ ਸਿੱਧੂ, ਗੁਲਜ਼ਾਰ ਸਿੰਘ ਸੰਧੂ, ਅਗਮ ਜੋਤ, ਅਮਰ ਜਿਓਤੀ, ਨਿਰਮਲ ਜੌੜਾ, ਨਿੰਦਰ ਘੁਗਿਆਣਵੀ ਤੇ ਹੋਰ ਸ਼ਖ਼ਸੀਅਤਾਂ ਸ਼ਾਮਲ ਸਨ। ਡਾ. ਲਖਵਿੰਦਰ ਜੌਹਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।